# ਆਕਾਸ਼ਵਾਣੀ ਜਲੰਧਰ

## ਰਾਸ਼ਟਰੀ ਖਬਰਾਂ ਪੰਜਾਬੀ

**07:30**

**ਮਿਤੀ :30-08-2026**

***<u>ਪਹਿਲਾ ਬੁਲੇਟਿਨ ਦੀਆਂ ਖਾਸ ਖਬਰਾਂ</u>***

- ਭਾਰਤ ਤੇ ਉਜ਼ਬੇਕਿਸਤਾਨ ਨੇ ਆਪਣੀ ਆਪਸੀ ਰਣਨੀਤਕ ਭਾਈਵਾਲੀ ਨੂੰ ਵਧਾ ਕੇ ਵਿਆਪਕ ਰਣਨੀਤਕ ਭਾਈਵਾਲੀ ਦੇ ਪੱਧਰ ਤੱਕ ਉਠਾਉਣ ਦਾ ਐਲਾਨ ਕੀਤਾ ।ਦੋਵਾਂ ਦੇਸ਼ਾਂ ਨੇ ਵੱਖ-ਵੱਖ ਖੇਤਰਾਂ ਵਿੱਚ ਗਿਆਰਾਂ ਸਮਝੌਤਿਆਂ 'ਤੇ ਦਸਤਖਤ ਕੀਤੇ।
- ਪ੍ਰਧਾਨ ਮੰਤਰੀ ਨੂੰ ਉਜ਼ਬੇਕਿਸਤਾਨ ਦੇ ਸਰ੍ਬਉਚ ਸਰਕਾਰੀ ਸਨਮਾਨ, ਆਰਡਰ ਆਫ਼ ਓਲੀਯ ਦਰਜਾਲੀ ਦੋਸਤਲਿਕ ਨਾਲ ਸਨਮਾਨਿਤ ਕੀਤਾ ਗਿਆ ।
- ਨੇਪਾਲ ਵਿੱਚ ਅਚਾਨਕ ਆਏ ਹੜ੍ਹਾਂ ਕਾਰਨ ਮਰਨ ਵਾਲਿਆਂ ਦੀ ਗਿਣਤੀ ਵਧ ਕੇ 768 ਹੋਈ. ਹੁਣ ਤੱਕ 149 ਭਾਰਤੀ ਨਾਗਰਿਕਾਂ ਨੂੰ ਬਚਾਇਆ ਗਿਆ । ਲਾਪਤਾ ਕਰੀਬ 50 ਭਾਰਤੀਆਂ ਨਾਲ ਸੰਪਰਕ ਹੋਇਆ.

- ਰੱਖਿਆ ਮੰਤਰੀ ਰਾਜਨਾਥ ਸਿੰਘ ਦਾ ਕਹਿਣਾ ਏ  ਕਿ ਬਦਲਦੇ ਸਮੇਂ ਦੇ ਨਾਲ, ਭਾਰਤ ਰੱਖਿਆ ਖੇਤਰ ਵਿੱਚ ਆਤਮ-ਨਿਰਭਰਤਾ ਪ੍ਰਾਪਤ ਕਰਨ ਵੱਲ ਤੇਜ਼ੀ ਨਾਲ ਵਧ ਰਿਹਾ ਏ.
- ਔਰਤਾਂ ਦੇ ਕ੍ਰਿਕੇਟ ਵਿਚ ਭਾਰਤ ਅੱਜ ਦੁਬਈ ਇੰਟਰਨੈਸ਼ਨਲ ਕ੍ਰਿਕੇਟ ਸਟੇਡੀਅਮ ਵਿਚ ਥਾਈਲੈਂਡ ਖਿਲਾਫ਼ ਆਪਣੀ twenty – twenty ਏਸ਼ੀਆ ਕੱਪ ਮੁਹਿੰਮ ਦੀ ਸ਼ੁਰੂਆਤ ਕਰੇਗਾ

---------------------------------------------------------------------

ਭਾਰਤ ਅਤੇ ਉਜ਼ਬੇਕਿਸਤਾਨ ਨੇ ਅੱਜ ਆਪਣੀ ਆਪਸੀ ਰਣਨੀਤਕ ਭਾਈਵਾਲੀ ਨੂੰ ਵਧਾ ਕੇ ਵਿਆਪਕ ਰਣਨੀਤਕ ਭਾਈਵਾਲੀ ਦੇ ਪੱਧਰ ਤੱਕ ਉਠਾਉਣ ਦਾ ਐਲਾਨ ਕੀਤਾ ਏ । ਉਜ਼ਬੇਕਿਸਤਾਨ ਨੇ ਭਾਰਤ ਨੂੰ ਯੂਰੇਨੀਅਮ ਦੀ ਲੰਮੇ ਸਮੇਂ ਦੀ ਸਪਲਾਈ ਲਈ ਇੱਕ ਢਾਂਚਾ ਕਾਇਮ ਕਰਨ ਅਤੇ ਦੁਰਲੱਭ ਧਰਤੀ ਖਣਿਜਾਂ ਲਈ ਖੁਦਾਈ ਸਥਾਨਾਂ 'ਤੇ ਚਰਚਾ ਕਰਨ ਲਈ ਵੀ ਸਹਿਮਤੀ ਜਤਾਈ. ਦੋਵਾਂ ਦੇਸ਼ਾਂ ਨੇ ਅੱਜ ਖਾਣਾ ਦੀ ਖੁਦਾਈ, ਆਯੁਰਵੇਦ, ਸੈਰ-ਸਪਾਟਾ, ਆਰਥਿਕ ਅਤੇ ਮਾਲੀ ਸੰਵਾਦ, ਵਿਆਪਕ ਅਤੇ ਰਣਨੀਤਕ ਭਾਈਵਾਲੀ, ਉੱਚ ਸਿੱਖਿਆ ਅਤੇ ਚੁਗਿਰਦੇ ਸਮੇਤ ਵੱਖ-ਵੱਖ ਖੇਤਰਾਂ ਵਿੱਚ ਗਿਆਰਾਂ ਸਮਝੌਤਿਆਂ 'ਤੇ ਦਸਤਖਤ ਕੀਤੇ। ਸਾਡੇ ਪੱਤਰਕਾਰ ਨੇ ਖਬਰ ਦਿੱਤੀ ਏ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਉਜ਼ਬੇਕਿਸਤਾਨ ਦੇ ਰਾਸ਼ਟਰਪਤੀ ਸ਼ਵਕਤ ਮਿਰਜ਼ੀਯੋਯੇਵ ਵਿਚਕਾਰ ਹੋਈ ਦੁਵੱਲੀ ਗੱਲਬਾਤ ਦੌਰਾਨ ਦੋਵੇਂ ਦੇਸ਼

2030 ਤੱਕ 5 ਅਰਬ ਡਾਲਰ ਦੇ ਦੁਵੱਲੇ ਵਪਾਰ ਦਾ ਟੀਚਾ ਤੈਅ ਕਰਨ 'ਤੇ ਸਹਿਮਤ ਹੋਏ ਜੋ ਕਿ ਮੌਜੂਦਾ ਵਪਾਰ ਦਾ 5 ਗੁਣਾ ਏ। ਵਪਾਰ ਅਤੇ ਨਿਵੇਸ਼, ਬੁਨਿਆਦੀ ਢਾਂਚਾ, ਮਹੱਤਵਪੂਰਨ ਖਣਿਜ, ਖਾਣਾ ਦੀ ਖੁਦਾਈ, ਰੱਖਿਆ ਅਤੇ ਸੁਰੱਖਿਆ, ਨਵੀਨਤਾ, ਖੇਤੀਬਾੜੀ, ਫਾਰਮਾਸਿਊਟੀਕਲ, ਸਿਹਤ, ਸੂਚਨਾ ਤਕਨਾਲੋਜੀ, ਡਿਜੀਟਲ ਜਨਤਕ ਬੁਨਿਆਦੀ ਢਾਂਚਾ ਜਿਸ ਵਿੱਚ UPI ਅਤੇ ਸਿੱਖਿਆ ਸ਼ਾਮਿਲ ਨੇ, ਦੇ ਖੇਤਰਾਂ ਵਿੱਚ ਦੁਵੱਲੇ ਵਪਾਰ ਲਈ ਅਹਿਮ ਫੈਸਲੇ ਲਏ ਗਏ। ਦੇਸ਼ ਦੇ ਨੌਜਵਾਨਾਂ ਦੇ ਹੱਕ ਵਿੱਚ ਕਈ ਕਦਮਾਂ 'ਤੇ ਚਰਚਾ ਕੀਤੀ ਗਈ ਜੋ ਉੱਥੇ ਅਧਿਐਨ ਅਤੇ ਸੱਭਿਆਚਾਰਕ ਵਟਾਂਦਰਾ ਪ੍ਰੋਗਰਾਮਾਂ ਲਈ ਜਾਂਦੇ ਨੇ। ਤਾਸ਼ਕੰਦ ਯੂਨੀਵਰਸਿਟੀ ਦੇ ਪੂਰਬੀ ਅਧਿਐਨ ਵਿੱਚ ਸੰਸਕ੍ਰਿਤ ਚੇਅਰ ਦੇ ਨਾਲ-ਨਾਲ ਹਿੰਦੀ ਲਈ 100 ਲਾਲ ਬਹਾਦੁਰ ਸ਼ਾਸਤਰੀ ਸਕਾਲਰਸ਼ਿਪਾਂ ਦਾ ਐਲਾਨ ਕੀਤਾ ਗਿਆ। ਭਾਰਤ ਨੇ ਅਰਾਲ ਸਾਗਰ ਖੇਤਰ ਵਿੱਚ ਜੰਗਲਾਤ ਲਈ 10 ਲਖ ਡਾਲਰ ਦੇਣ ਦਾ ਫੈਸਲਾ ਕੀਤਾ। ਭਾਰਤ ਦੇ UPI ਐਪਸ ਨੂੰ ਉਜ਼ਬੇਕਿਸਤਾਨ ਵਿੱਚ ਵਪਾਰੀ ਭੁਗਤਾਨ ਲਈ ਸਮਰਥ ਬਣਾਉਣ ਵਾਸਤੇ ਰਾਸ਼ਟਰੀ QR - UZQR ਨੂੰ ਸਕੈਨ ਕਰਨ ਦੇ ਯੋਗ ਬਣਾਉਣ ਲਈ ਇੱਕ ਅਹਿਮ ਵਪਾਰਕ ਸਮਝੌਤਾ ਕੀਤਾ ਗਿਆ।

ਸਾਂਝੇ ਬਿਆਨ ਦਾ ਐਲਾਨ ਕਰਦੇ ਹੋਏ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਦੋਵੇਂ ਦੇਸ਼ ਦਹਿਸ਼ਤਗਰਦੀ, ਅਤਿਵਾਦ ਅਤੇ ਵੱਖਵਾਦ ਵਿਰੁੱਧ

ਬਿਲਕੁਲ ਵੀ ਬਰਦਾਸ਼ਤ ਨਾ ਕਰਨ ਦੀ ਨੀਤੀ ਰਖਦਾ ਏ- byte -PM-TERRORISM---UZBEKISTAN-32 sec

ਉਨ੍ਹਾਂ ਕਿਹਾ ਕਿ ਸਹਿਯੋਗ ਰਾਜਧਾਨੀਆਂ ਤੱਕ ਸੀਮਤ ਨਹੀਂ ਰਹੇਗਾ ਸਗੋਂ ਸ਼ਹਿਰ ਅਤੇ ਰਾਜ ਪੱਧਰੀ ਭਾਈਵਾਲੀ ਤੱਕ ਵਧੇਗਾ. ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਦੋਵੇਂ ਦੇਸ਼ ਖੇਡਾਂ ਦੇ ਖੇਤਰ ਵਿੱਚ ਸਹਿਯੋਗ ਅਤੇ ਹਿੰਦੀ ਦੇ ਪ੍ਰਚਾਰ ਲਈ ਕੰਮ ਕਰਨਗੇ- byte - PM--SCHOLARSHIP-HINDI- 22 sec

ਉਜ਼ਬੇਕਿਸਤਾਨ ਵਿੱਚ ਫਯਾਜ਼ ਟੇਪਾ ਅਤੇ ਕਾਰਾ ਟੇਪਾ ਦੇ ਬੋਧੀ ਸਥਾਨਾਂ ਦੀ ਬਹਾਲੀ ਅਤੇ ਸੰਭਾਲ ਲਈ ਇੱਕ ਇਰਾਦਾ ਪੱਤਰ 'ਤੇ ਵੀ ਸਹਿਮਤੀ ਹੋਈ।

----------------------------------------------------------------------

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਅੱਜ ਤਾਸ਼ਕੰਦ ਵਿੱਚ ਉਜ਼ਬੇਕਿਸਤਾਨ ਦੇ ਰਾਸ਼ਟਰਪਤੀ ਸ਼ਵਕਤ ਮਿਰਜ਼ੀਯੋਯੇਵ ਨੇ ਦੇਸ਼ ਦੇ ਸਭ ਤੋਂ ਉੱਚੇ ਸਰਕਾਰੀ ਸਨਮਾਨ, ਆਰਡਰ ਆਫ਼ ਓਲੀਯ ਦਰਜਾਲੀ ਦੋਸਤਲਿਕ ਨਾਲ ਸਨਮਾਨਿਤ ਕੀਤਾ। ਪ੍ਰਧਾਨ ਮੰਤਰੀ ਨੇ ਇਹ ਸਨਮਾਨ ਭਾਰਤ ਅਤੇ ਉਜ਼ਬੇਕਿਸਤਾਨ ਵਿਚਕਾਰ ਲੰਮੇ ਸਮੇਂ ਤੋਂ ਚੱਲ ਰਹੇ ਅਤੇ ਮਜ਼ਬੂਤ ਸਬੰਧਾਂ ਨੂੰ ਸਮਰਪਿਤ ਕੀਤਾ। ਇੱਕ ਸੋਸ਼ਲ ਮੀਡੀਆ ਪੋਸਟ ਵਿੱਚ, ਸ਼੍ਰੀ ਮੋਦੀ ਨੇ ਕਿਹਾ ਕਿ ਉਹ ਇਸ ਸਨਮਾਨ ਨੂੰ ਪ੍ਰਾਪਤ ਕਰਕੇ ਸਨਮਾਨਿਤ ਮਹਿਸੂਸ ਕਰ ਰਹੇ ਨੇ.

---

ਰੱਖਿਆ ਮੰਤਰੀ ਰਾਜਨਾਥ ਸਿੰਘ, ਗ੍ਰਿਹ ਮੰਤਰੀ ਅਮਿਤ ਸ਼ਾਹ, ਵਿਦੇਸ਼ ਮੰਤਰੀ ਡਾ. ਐਸ ਜੈਸ਼ੰਕਰ ਅਤੇ ਖਜ਼ਾਨਾ ਮੰਤਰੀ ਨਿਰਮਲਾ ਸੀਤਾਰਮਨ ਸਮੇਤ ਕਈ ਕੇਂਦਰੀ ਮੰਤਰੀਆਂ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਉਜ਼ਬੇਕਿਸਤਾਨ ਦੇ ਸਰ੍ਬੁਚ ਸਰਕਾਰੀ ਸਨਮਾਨ ਨਾਲ ਸਨਮਾਨਿਤ ਕੀਤੇ ਜਾਣ 'ਤੇ ਵਧਾਈ ਦਿੱਤੀ ਏ।

---

ਨੇਪਾਲ ਵਿੱਚ ਅਚਾਨਕ ਆਏ ਹੜ੍ਹਾਂ ਕਾਰਨ ਮਰਨ ਵਾਲਿਆਂ ਦੀ ਗਿਣਤੀ ਵਧ ਕੇ 768 ਹੋ ਗਈ ਏ. ਹੋਰ ਲਾਸ਼ਾਂ ਬਰਾਮਦ ਕੀਤੀਆਂ ਜਾ ਰਹੀਆਂ ਨੇ ਜਿਸ ਨਾਲ ਮੌਤਾਂ ਦੀ ਗਿਣਤੀ ਵਧ ਸਕਦੀ ਏ. ਆਫ਼ਤ ਤੋਂ ਬਾਅਦ ਢਾਈ ਹਜ਼ਾਰ ਤੋਂ ਵੱਧ ਲੋਕ ਅਜੇ ਵੀ ਲਾਪਤਾ ਨੇ. ਸਾਰੇ ਅੱਠ ਪ੍ਰਭਾਵਿਤ ਜ਼ਿਲ੍ਹਿਆਂ ਤੋਂ ਲਾਸ਼ਾਂ ਬਰਾਮਦ ਕੀਤੀਆਂ ਗਈਆਂ ਨੇ ਤੇ ਬਚਾਅ ਵਰਕਰ ਆਫ਼ਤ ਤੋਂ ਬਾਅਦ ਪੰਜਵੇਂ ਦਿਨ ਲਾਪਤਾ ਲੋਕਾਂ ਦੀ ਭਾਲ ਕਰਨ ਅਤੇ ਫਸੇ ਲੋਕਾਂ ਨੂੰ ਬਚਾਉਣ ਲਈ ਪੂਰੀ ਕੋਸ਼ਿਸ਼ ਕਰ ਰਹੇ ਨੇ. ਨੇਪਾਲ ਦੀ ਆਫ਼ਤ ਜੋਖਮ ਘਟਾਉਣ ਅਤੇ ਪ੍ਰਬੰਧਨ ਬਾਰੇ ਰਾਸ਼ਟਰੀ ਅਥਾਰਟੀ ਨੇ ਕਿਹਾ ਏ ਕਿ ਬਚਾਅ ਵਰਕਰਾਂ ਨੇ ਹੁਣ ਤੱਕ ਪ੍ਰਭਾਵਿਤ ਜ਼ਿਲ੍ਹਿਆਂ ਤੋਂ 8 ਹਜ਼ਾਰ 186 ਲੋਕਾਂ ਨੂੰ ਬਾਹਰ ਕੱਢਿਆ ਏ, ਜਿਨ੍ਹਾਂ ਵਿੱਚ 227 ਵਿਦੇਸ਼ੀ ਵੀ ਸ਼ਾਮਿਲ ਨੇ. ਨੇਪਾਲ ਸਰਕਾਰ ਨੇ ਭੋਟੇ ਕੋਸ਼ੀ ਦਰਿਆ ਵਿੱਚ ਹੜ੍ਹ ਲਈ ਤਾਜ਼ਾ ਚੇਤਾਵਨੀ ਜਾਰੀ ਕੀਤੀ ਏ ਅਤੇ ਦਰਿਆ

ਦੇ ਨਾਲ ਰਹਿਣ ਵਾਲਿਆਂ ਨੂੰ ਸਾਵਧਾਨ ਰਹਿਣ ਦੀ ਅਪੀਲ ਕੀਤੀ ਏ । ਅਥਾਰਟੀ ਨੇ ਦਰਿਆ ਵਿੱਚ ਹੜ੍ਹ ਦੇ ਵਹਾਅ ਵਿੱਚ ਵਾਧੇ ਦੀ ਖਬਰ ਦਿੱਤੀ ਏ. ਰਾਸੁਵਾ ਜ਼ਿਲ੍ਹਾ ਪ੍ਰਸ਼ਾਸਨ ਨੇ ਰਾਸੁਵਾ, ਨੁਵਾਕੋਟ ਅਤੇ ਧਾਡਿੰਗ ਜ਼ਿਲ੍ਹਿਆਂ ਵਿੱਚ ਭੋਟੇ ਕੋਸ਼ੀ ਦਰਿਆ ਦੇ ਨੇੜੇ ਦੇ ਇਲਾਕਿਆਂ ਵਿੱਚ ਲੋਕਾਂ ਨੂੰ ਇਹਤਿਆਤ ਵਰਤਣ ਦੀ ਸਲਾਹ ਦਿੱਤੀ ਏ ।ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਕਿਹਾ ਕਿ ਅਚਾਨਕ ਹੜ੍ਹ ਦੀ ਤ੍ਰਾਸਦੀ ਤੋਂ ਬਾਅਦ ਨੇਪਾਲ ਵਿੱਚ ਹੁਣ ਤੱਕ 149 ਭਾਰਤੀ ਨਾਗਰਿਕਾਂ ਨੂੰ ਬਚਾਇਆ ਗਿਆ ਏ । ਇੱਕ ਸੋਸ਼ਲ ਮੀਡੀਆ ਪੋਸਟ ਵਿੱਚ, ਸ਼੍ਰੀ ਜੈਸਵਾਲ ਨੇ ਕਿਹਾ ਕਿ ਕਰੀਬ 50 ਭਾਰਤੀ ਨਾਗਰਿਕਾਂ ਨਾਲ ਸੰਪਰਕ ਹੋ ਗਿਆ ਏ ਜੋ ਪਹਿਲਾਂ ਲਾਪਤਾ ਸਨ। ਵਿਦੇਸ਼ ਮੰਤਰਾਲੇ ਨੇ ਕਿਹੈ ਕਿ ਖਬਰ ਮੁਤਾਬਿਕ 275 ਭਾਰਤੀ ਨਾਗਰਿਕ ਲਾਪਤਾ ਨੇ ਅਤੇ ਭਾਰਤੀ ਮੂਲ ਦੇ ਕਰੀਬ 128 ਲੋਕ ਜਿਹਨਾਂ ਵਿਚ ਹੋਰ ਰਾਸ਼ਟਰੀਅਤਾਵਾਂ ਵੀ ਸ਼ਾਮਿਲ ਨੇ, ਵੀ ਲਾਪਤਾ ਨੇ. ਸਥਾਨਕ ਸਰਕਾਰੀ ਹਲਕਿਆਂ ਮੁਤਾਬਿਕ, ਪਿਛਲੇ ਦੋ ਦਿਨਾਂ ਵਿੱਚ 598 ਭਾਰਤੀ ਨਾਗਰਿਕ ਚੀਨ ਤੋਂ ਨੇਪਾਲ ਵਿੱਚ ਦਾਖਿਲ ਹੋਏ ਨੇ. ਇਸ ਦੌਰਾਨ 900 ਭਾਰਤੀ ਨਾਗਰਿਕ ਜੋ ਅਜੇ ਚੀਨ ਤੋਂ ਨਹੀਂ ਗਏ ਨੇ, ਸੁਰੱਖਿਅਤ ਨੇ ਅਤੇ ਪੇਈਚਿੰਗ ਵਿੱਚ ਭਾਰਤੀ ਦੂਤਘਰ ਉਨ੍ਹਾਂ ਨਾਲ ਸਿੱਧੇ ਜਾਂ ਸਥਾਨਕ ਸਰਕਾਰ ਰਾਹੀਂ ਸੰਪਰਕ ਵਿੱਚ ਨੇ । ਮੰਤਰਾਲੇ ਨੇ ਅੱਗੇ ਕਿਹਾ ਕਿ ਭਾਰਤ ਸਰਕਾਰ ਹੜ੍ਹਾਂ ਤੋਂ ਪ੍ਰਭਾਵਿਤ ਲੋਕਾਂ ਦੇ ਸ਼ੁਰੂਆਤੀ ਬਚਾਅ ਅਤੇ ਰਾਹਤ ਯਤਨਾਂ ਲਈ ਨੇਪਾਲੀ ਅਤੇ ਚੀਨੀ

ਅਧਿਕਾਰੀਆਂ ਨਾਲ ਨੇੜਿਓਂ ਤਾਲਮੇਲ ਵਿੱਚ ਕੰਮ ਕਰ ਰਹੀ ਏ। ਭਾਰਤ ਹੜ੍ਹ ਪ੍ਰਭਾਵਿਤ ਨੇਪਾਲ ਵਿੱਚ ਰਾਹਤ ਅਤੇ ਬਚਾਅ ਕਾਰਜਾਂ 'ਚ ਲਗਾਤਾਰ ਮਦਦ ਕਰ ਰਿਹਾ ਏ. 11 ਟਨ ਰਾਹਤ ਸਹਾਇਤਾ ਵਾਲੀ ਚੌਥੀ ਉਡਾਣ ਕਾਠਮੰਡੂ ਪਹੁੰਚ ਗਈ ਏ, ਅਤੇ ਰਾਹਤ ਸਮੱਗਰੀ ਨੇਪਾਲ ਸਰਕਾਰ ਨੂੰ ਸੌਂਪ ਦਿੱਤੀ ਗਈ ਏ। ਇੱਕ ਸੋਸ਼ਲ ਮੀਡੀਆ ਪੋਸਟ ਵਿੱਚ, ਵਿਦੇਸ਼ ਮੰਤਰੀ ਡਾ. ਐਸ ਜੈਸ਼ੰਕਰ ਨੇ ਕਿਹਾ ਕਿ ਉਡਾਣ ਨੇਪਾਲ ਦੇ ਚੱਲ ਰਹੇ ਬਚਾਅ ਅਤੇ ਰਾਹਤ ਕਾਰਜਾਂ 'ਚ ਮਦਦ ਕਰਨ ਲਈ ਜ਼ਰੂਰੀ ਸਪਲਾਈ ਅਤੇ ਤਕਨੀਕੀ ਸਾਜ਼ੋ ਸਮਾਨ ਲੈ ਕੇ ਗਈ ਏ। ਇਸ ਦੌਰਾਨ, ਨੇਪਾਲ ਸਰਹੱਦ ਦੇ ਨੇੜੇ ਤਿੱਬਤ ਵਿੱਚ ਅਚਾਨਕ ਹੜ੍ਹਾਂ ਕਾਰਨ ਮਰਨ ਵਾਲਿਆਂ ਦੀ ਗਿਣਤੀ 16 ਹੋ ਗਈ ਏ, ਜਦੋਂ ਕਿ ਕਈ ਭਾਰਤੀਆਂ ਸਮੇਤ 546 ਲੋਕ ਅਜੇ ਵੀ ਲਾਪਤਾ ਨੇ. ਇਸ ਮਹੀਨੇ ਦੀ 26 ਤਰੀਕ ਨੂੰ ਗਾਈਰੋਂਗ-ਨੇਪਾਲ ਸਰਹੱਦ 'ਤੇ ਇਮੀਗ੍ਰੇਸ਼ਨ ਬੰਦਰਗਾਹ, ਜਿੱਥੇ ਸੈਂਕੜੇ ਲੋਕ ਤਿੱਬਤ ਵਿੱਚ ਦਾਖਿਲ ਹੋਣ ਜਾਂ ਬਾਹਰ ਨਿਕਲਣ ਲਈ ਦੋਵਾਂ ਪਾਸਿਆਂ ਤੋਂ ਉਡੀਕ ਕਰ ਰਹੇ ਸਨ 'ਤੇ ਅਚਾਨਕ ਭਾਰੀ ਹੜ੍ਹ ਆਇਆ.

----------------------------------------------------------------------

ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਏ ਕਿ ਬਦਲਦੇ ਸਮੇਂ ਦੇ ਨਾਲ, ਭਾਰਤ ਰੱਖਿਆ ਖੇਤਰ ਵਿੱਚ ਆਤਮ-ਨਿਰਭਰਤਾ ਪ੍ਰਾਪਤ ਕਰਨ ਵੱਲ ਤੇਜ਼ੀ ਨਾਲ ਵਧ ਰਿਹਾ ਏ ਅਤੇ ਆਪਣੇ ਰੱਖਿਆ ਸਨਅਤੀ ਸਿਲਸਿਲੇ ਵਿੱਚ ਇੱਕ ਬੁਨਿਆਦੀ ਤਬਦੀਲੀ ਦੇਖ ਰਿਹਾ ਏ। ਅੱਜ

ਲਖਨਊ ਵਿੱਚ PM-SETU ਸਨਅਤੀ ਸੰਮੇਲਨ ਨੂੰ ਸੰਬੋਧਨ ਕਰਦੇ ਹੋਏ, ਰੱਖਿਆ ਮੰਤਰੀ ਨੇ ਕਿਹਾ ਕਿ ਸਰਕਾਰ ਸਵਦੇਸ਼ੀ ਡਿਜ਼ਾਈਨ ਨੂੰ ਉਤਸ਼ਾਹਿਤ ਕਰ ਰਹੀ ਏ, ਘਰੇਲੂ ਨਿਰਮਾਣ ਨੂੰ ਮਜ਼ਬੂਤ ਕਰ ਰਹੀ ਏ ਅਤੇ ਰੱਖਿਆ ਖੇਤਰ ਵਿੱਚ ਨਿੱਜੀ ਖੇਤਰ ਅਤੇ MSME ਦੀ ਹਿੱਸੇਦਾਰੀ ਵਧਾ ਰਹੀ ਏ। ਸ੍ਰੀ ਸਿੰਘ ਨੇ ਕਿਹਾ ਕਿ ਪੀਐਮ-ਸੇਤੂ ਭਾਰਤ ਦੀ ਨੌਜੁਆਨ ਆਬਾਦੀ ਦੀ ਸ਼ਕਤੀ ਨੂੰ ਨੌਜੁਆਨ ਆਬਾਦੀ ਦੇ ਲਾਭ ਵਿੱਚ ਬਦਲਣ ਵੱਲ ਇੱਕ ਮਹੱਤਵਪੂਰਨ ਕਦਮ ਏ।

------------------------------------------------------------------------

ਰਾਸ਼ਟਰਪਤੀ ਦ੍ਰੋਪਦੀ ਮੁਰਮੂ ਭਲਕੇ ਨਵੀਂ ਦਿੱਲੀ ਵਿੱਚ ਨੈਸ਼ਨਲ ਇੰਸਟੀਚਿਊਟ ਆਫ਼ ਫੈਸ਼ਨ ਟੈਕਨਾਲੋਜੀ ਦੇ ਕਨਵੋਕੇਸ਼ਨ ਵਿੱਚ ਹਿੱਸਾ ਲੈਣਗੇ। ਦੇਸ਼ ਭਰ ਦੇ 18 ਕੈਂਪਸਾਂ ਦੇ ਗ੍ਰੈਜੂਏਟ ਵਿਦਿਆਰਥੀ ਇਸ ਵਿੱਚ ਸ਼ਾਮਿਲ ਹੋਣਗੇ। ਕੇਂਦਰੀ ਕੱਪੜਾ ਮੰਤਰੀ ਗਿਰੀਰਾਜ ਸਿੰਘ ਵੀ ਇਸ ਮੌਕੇ ਮੌਜੂਦ ਰਹਿਣਗੇ।

------------------------------------------------------------------------

ਖਪਤਕਾਰ ਮਾਮਲਿਆਂ ਦੇ ਵਿਭਾਗ ਨੇ ਕਾਨੂੰਨੀ ਮਾਪ - ਭਾਰਤੀ ਮਿਆਰੀ ਸਮਾਂ ਨੇਮ, 2026 ਨੂੰ ਨੋਟੀਫਾਈ ਕਰ ਦਿੱਤਾ ਏ. ਇਨ੍ਹਾਂ ਨੇਮਾਂ ਮੁਤਾਬਿਕ, ਭਾਰਤੀ ਮਿਆਰੀ ਸਮਾਂ ਦੇਸ਼ ਭਰ ਵਿੱਚ ਕਾਨੂੰਨੀ, ਪ੍ਰਸ਼ਾਸਕੀ, ਵਪਾਰਕ ਅਤੇ ਹੋਰ ਅਧਿਕਾਰਤ ਕਾਰਜਾਂ ਲਈ ਇੱਕ ਸਮਾਨ ਸਮਾਂ ਸੰਦਰਭ ਵਜੋਂ ਵਰਤਿਆ ਜਾਵੇਗਾ। ਇਹ ਸਮਾਨ ਸਮਾਂ

ਬੈਂਕਿੰਗ ਅਤੇ ਡਿਜੀਟਲ ਭੁਗਤਾਨ ਲੈਣ-ਦੇਣ, ਰੇਲਵੇ, ਹਵਾਈ ਅੱਡਿਆਂ ਅਤੇ ਹੋਰ ਆਵਾਜਾਈ ਪ੍ਰਣਾਲੀਆਂ ਦੇ ਤਾਲਮੇਲ ਦੇ ਨਾਲ-ਨਾਲ ਹੰਗਾਮੀ ਅਤੇ ਹੋਰ ਸਮਾਂ-ਸੰਵੇਦਨਸ਼ੀਲ ਸੇਵਾਵਾਂ ਦੇ ਤਾਲਮੇਲ ਵਿੱਚ ਸਹੀ ਸਮੇਂ ਦੀ ਨਿਸ਼ਾਨਦੇਹੀ ਕਰਨ ਦੀ ਸਹੂਲਤ ਦੇਵੇਗਾ ।

-----------------------------------------------------------------

ਸਰਕਾਰ ਨੇ ਇੱਕ ਵਾਇਰਲ ਔਨਲਾਈਨ ਕਰਜ਼ਾ ਪ੍ਰਵਾਨਗੀ ਪੱਤਰ ਦਾ ਖੰਡਨ ਕੀਤਾ ਏ ਜਿਸ ਵਿੱਚ ਦਾਅਵਾ ਕੀਤਾ ਗਿਆ ਏ ਕਿ ਪ੍ਰਧਾਨ ਮੰਤਰੀ ਮੁਦਰਾ ਯੋਜਨਾ ਤਹਿਤ ਬੇਹਦ ਘੱਟ ਵਿਆਜ ਦਰਾਂ 'ਤੇ ਕਰਜ਼ੇ ਮਨਜ਼ੂਰ ਕੀਤੇ ਗਏ ਨੇ. ਪ੍ਰੈਸ ਸੂਚਨਾ ਬਿਊਰੋ ਦੀ ਫੈਕਟ ਚੈੱਕ ਯੂਨਿਟ ਨੇ ਕਿਹਾ ਏ ਕਿ ਇਹ ਪੱਤਰ ਜਾਅਲੀ ਏ ।

-----------------------------------------------------------------

ਅਮਲੇ. ਲੋਕ ਸ਼ਿਕਾਇਤਾਂ ਅਤੇ ਪੈਨਸ਼ਨ ਰਾਜ ਮੰਤਰੀ ਡਾ. ਜਤਿੰਦਰ ਸਿੰਘ ਨੇ ਅੱਜ ਹਥਿਆਰਬੰਦ ਫੌਜਾਂ ਸਦਰਮੁਕਾਮ ਐਸੋਸੀਏਸ਼ਨ ਦੇ ਇੱਕ ਵਫ਼ਦ ਨਾਲ ਮੁਲਾਕਾਤ ਕੀਤੀ। ਮੁਲਾਜ਼ਮਾਂ ਦੀਆਂ ਵੱਖ-ਵੱਖ ਮੰਗਾਂ ਅਤੇ ਸੇਵਾ ਨਾਲ ਸੰਬੰਧਿਤ ਮੁੱਦਿਆਂ 'ਤੇ ਚਰਚਾ ਕੀਤੀ ਗਈ।

-----------------------------------------------------------------

FIH ਮਰਦਾਂ ਦੇ ਹਾਕੀ ਵਿਸ਼ਵ ਕੱਪ 2026 ਦੇ ਫਾਈਨਲ ਵਿੱਚ ਪਿਛਲੇ ਚੈਂਪੀਅਨ ਜਰਮਨੀ ਦਾ ਅੱਜ ਸ਼ਾਮ ਬੈਲਜੀਅਮ ਵਿੱਚ ਸਪੇਨ ਨਾਲ ਮੁਕਾਬਲਾ ਹੋਏਗਾ । ਇਹ ਮੈਚ ਭਾਰਤੀ ਸਮੇਂ ਮੁਤਾਬਿਕ ਰਾਤ 8 ਵਜੇ ਸ਼ੁਰੂ ਹੋਵੇਗਾ।

-----------------------------------------------------------------------------

ਔਰਤਾਂ ਦੇ ਕ੍ਰਿਕੇਟ ਵਿਚ ਭਾਰਤ ਅੱਜ ਦੁਬਈ ਇੰਟਰਨੈਸ਼ਨਲ ਕ੍ਰਿਕੇਟ ਸਟੇਡੀਅਮ ਵਿਚ ਥਾਈਲੈਂਡ ਖਿਲਾਫ਼ ਆਪਣੀ twenty – twenty ਏਸ਼ੀਆ ਕੱਪ ਮੁਹਿੰਮ ਦੀ ਸ਼ੁਰੂਆਤ ਕਰੇਗਾ. ਇਹ ਮੈਚ ਭਾਰਤੀ ਸਮੇਂ ਅਨੁਸਾਰ ਰਾਤ ਸਾਢੇ 8 ਵਜੇ ਸ਼ੁਰੂ ਹੋਏਗਾ.

-----------------------------------------------------------------------------

- ਭਾਰਤ ਤੇ ਉਜ਼ਬੇਕਿਸਤਾਨ ਨੇ ਆਪਣੀ ਆਪਸੀ ਰਣਨੀਤਕ ਭਾਈਵਾਲੀ ਨੂੰ ਵਧਾ ਕੇ ਵਿਆਪਕ ਰਣਨੀਤਕ ਭਾਈਵਾਲੀ ਦੇ ਪੱਧਰ ਤੱਕ ਉਠਾਉਣ ਦਾ ਐਲਾਨ ਕੀਤਾ । ਦੋਵਾਂ ਦੇਸ਼ਾਂ ਨੇ ਵੱਖ-ਵੱਖ ਖੇਤਰਾਂ ਵਿੱਚ ਗਿਆਰਾਂ ਸਮਝੌਤਿਆਂ 'ਤੇ ਦਸਤਖਤ ਕੀਤੇ।
- ਪ੍ਰਧਾਨ ਮੰਤਰੀ ਨੂੰ ਉਜ਼ਬੇਕਿਸਤਾਨ ਦੇ ਸਰ੍ਬੁਚ ਸਰਕਾਰੀ ਸਨਮਾਨ, ਆਰਡਰ ਆਫ਼ ਓਲੀਯ ਦਰਜਾਲੀ ਦੋਸਤਲਿਕ ਨਾਲ ਸਨਮਾਨਿਤ ਕੀਤਾ ਗਿਆ ।
- ਨੇਪਾਲ ਵਿੱਚ ਅਚਾਨਕ ਆਏ ਹੜ੍ਹਾਂ ਕਾਰਨ ਮਰਨ ਵਾਲਿਆਂ ਦੀ ਗਿਣਤੀ ਵਧ ਕੇ 768 ਹੋਈ. ਹੁਣ ਤੱਕ 149 ਭਾਰਤੀ ਨਾਗਰਿਕਾਂ ਨੂੰ ਬਚਾਇਆ ਗਿਆ । ਲਾਪਤਾ ਕਰੀਬ 50 ਭਾਰਤੀਆਂ ਨਾਲ ਸੰਪਰਕ ਹੋਇਆ.

- ਰੱਖਿਆ ਮੰਤਰੀ ਰਾਜਨਾਥ ਸਿੰਘ ਦਾ ਕਹਿਣਾ ਏ ਕਿ ਬਦਲਦੇ ਸਮੇਂ ਦੇ ਨਾਲ, ਭਾਰਤ ਰੱਖਿਆ ਖੇਤਰ ਵਿੱਚ ਆਤਮ-ਨਿਰਭਰਤਾ ਪ੍ਰਾਪਤ ਕਰਨ ਵੱਲ ਤੇਜ਼ੀ ਨਾਲ ਵਧ ਰਿਹਾ ਏ.
- ਔਰਤਾਂ ਦੇ ਕ੍ਰਿਕੇਟ ਵਿਚ ਭਾਰਤ ਅੱਜ ਦੁਬਈ ਇੰਟਰਨੈਸ਼ਨਲ ਕ੍ਰਿਕੇਟ ਸਟੇਡੀਅਮ ਵਿਚ ਥਾਈਲੈਂਡ ਖਿਲਾਫ਼ ਆਪਣੀ twenty – twenty ਏਸ਼ੀਆ ਕੱਪ ਮੁਹਿੰਮ ਦੀ ਸ਼ੁਰੂਆਤ ਕਰੇਗਾ

**ਇਸਦੇ ਨਾਲ ਹੀ ਸਾਡਾ ਇਹ ਬੁਲੇਟਿਨ ਖਤਮ ਹੁੰਦਾ ਏ**

**ਸਾਡਾ ਅਗਲਾ ਰਾਸ਼ਟਰੀ ਬੁਲੇਟਿਨ**

**ਸਵੇਰੇ ਸਾਢੇ 8 ਵਜੇ ਹੋਏਗਾ .ਨਮਸ੍ਕਾਰ**